# ਕਾਂਡੋਮਿਨੀਅਮਾਂ ਬਾਰੇ ਆਦਿ ਤੋਂ ਅੰਤ ਤਕ ਜਾਣਕਾਰੀ

## ਕਿਸਮਾਂ, ਬਨਾਵਟ ਸ਼ੈਲੀਆਂ –ਅਤੇ ਆਪਣੇ ਲਈ ਸਹੀ ਕਾਂਡੋਮਿਨੀਅਮ ਕਿਵੇਂ ਚੁਣਨਾ ਹੈ



ਜਿਸ ਕਿਸੇ ਨੇ ਵੀ, ਜਦੋਂ ਕਦੇ ਕਾਂਡੋਮਿਨੀਅਮ ਖਰੀਦਣ ਬਾਰੇ ਪਤਾ ਕੀਤਾ ਹੈ, ਉਸ ਨੇ ਜਾਣਿਆ ਹੈ ਕਿ ਜਿੰਨੇ ਕਿਸਮ ਦੇ ਲੋਕ ਉਨ੍ਹਾਂ ਵਿਚ ਰਹਿਣਾ ਚਾਹੁੰਦੇ ਹਨ ਉੱਨੇ ਕਿਸਮ ਦੇ ਹੀ ਕਾਂਡੋਮਿਨੀਅਮ ਹੁੰਦੇ ਹਨ। ਰਿਹਾਇਸ਼ੀ ਕਾਂਡੋਮਿਨੀਅਮ ਘੱਟ ਅਤੇ ਜ਼ਿਆਦਾ ਉੱਚੀਆਂ ਇਮਾਰਤਾਂ ਤੋਂ ਲੈ ਕੇ ਟਾਊਨਹਾਊਸਾਂ, ਡੂਪਲੈਕਸਾਂ, ਟਰਿਪਲੈਕਸਾਂ, ਸਿੰਗਲ ਡਿਟੈਚਡ ਹੋਮ (ਇਕੱਲੇ ਵੱਖਰੇ ਘਰ), ਫਰੀ ਹੋਲਡ ਪਲਾਟਾਂ ਵਿਚ ਬਣੇ ਹੁੰਦੇ ਹਨ, ਕਈ ਵਾਰ ਬਹੁ-ਮਕਸਦੀ  ਕਾਂਡੋਮਿਨੀਅਮ ਵੀ ਹੁੰਦੇ ਹਨ ਜਿਵੇਂ ਕੇ ਰਿਟੇਲ ਅਤੇ ਕਮਰਸ਼ਿਅਲ। ਤਕਰੀਬਨ ਹਰ ਵਿਅਕਤੀ ਦੀ ਮਾਲੀ ਸਮਰੱਥਾ ਅਤੇ ਸ਼ੈਲੀ ਅਨੁਸਾਰ ਕਈ ਵਿਸ਼ੇਸ਼ਤਾਵਾਂ ਅਤੇ ਸਹੂਲਤਾਂ ਵੱਲੇ ਕਾਂਡੋਮਿਨੀਅਮ ਵੀ ਹੁੰਦੇ ਹਨ।

ਅਗਰ ਤੁਸੀਂ ਕਾਂਡੋਮਿਨੀਅਮਾਂ ਦੀ ਮਾਰਕੀਟ ਵਿਚ ਹੋ, ਤਾਂ ਤੁਹਾਡੇ ਦੁਆਰਾ ਯਕੀਨੀ ਬਣਾਉਣ ਵਿਚ ਮਦਦ ਕਰਨ ਲਈ ਕਿ ਤੁਹਾਡਾ ਨਵਾਂ ਘਰ ਤੁਹਾਡੀਆਂ ਜ਼ਰੂਰਤਾਂ, ਪਸੰਦਾਂ ਅਤੇ  ਕੀਮਤ ਦੇ ਢੁੱਕਵੇਂ ਦਾਇਰੇ ਵਿਚ ਹੋਵੇ, ਕੈਨੇਡਾ ਮੌਰਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ (CHMC) ਹੇਠ ਦਿੱਤੀ ਜਾਣਕਾਰੀ ਪੇਸ਼ ਕਰਦੀ ਹੈ:

- ਖ਼ਰੀਦਨ ਦੇ ਮੰਤਵ ਨਾਲ ਜਦੋਂ ਤੁਸੀਂ ਨਵੇਂ ਕਾਂਡੋਮੀਨੀਅਮ ਵੇਖ ਰਹੇ ਹੋਵੋ ਤਾਂ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਯਕੀਨੀ ਬਣਾਉ ਕਿ ਖ਼ਰੀਦ ਕਰਨ ਵਾਲੀ ਕੀਮਤ ਵਿੱਚ ਕੀ ਕੁਝ ਸ਼ਾਮਲ ਹੈ ਤੇ ਕੀ ਕੁਝ ਸ਼ਾਮਲ ਨਹੀਂ। ਮਿਸਾਲ ਵਜੋਂ, ਕੀ ਉਥੇ ਪੂਲ ਹੈ ਜਾਂ ਪਾਰਕਿੰਗ ਹੈ? ਕੀ ਯੂਨਿਟਾਂ ਦੇ ਅੰਦਰੂਨੀ ਹਿੱਸੇ ਨੂੰ ਮੁਕੰਮਲ ਕਰਨਾ ਖ਼ਰੀਦ ਕਰਨ ਦੀ ਕੀਮਤ ਵਿੱਚ ਸ਼ਾਮਲ ਹੈ? ਖ਼ਰੀਦ ਕਰਨ ਦੀ ਕੀਮਤ ਤੋਂ ਇਲਾਵਾ ਹੋਰ ਅਜਿਹੇ ਖ਼ਰਚੇ ਹਨ ਜਿੰਨ੍ਹਾਂ ਦਾ ਤੁਹਾਨੂੰ ਜ਼ਰੂਰ ਪਤਾ ਹੋਣਾ ਚਾਹੀਦਾ ਹੈ? ਕੀ ਸਹੂਲਤਾਂ (ਗੈਸ, ਬਿਜਲੀ ਅਤੇ ਪਾਣੀ ਦੇ ਖ਼ਰਚੇ) ਮਾਸਕ ਕਾਂਡੋਮੀਨੀਅਮ ਫ਼ੀਸਾਂ ਵਿੱਚ ਸ਼ਾਮਲ ਹਨ ਜਾਂ ਨਹੀਂ? ਇਹ ਯਕੀਨੀ ਬਣਾਉਣ ਲਈ ਇਨ੍ਹਾਂ ਸਾਰੇ ਪ੍ਰਸ਼ਨਾਂ ਨੂੰ ਵਿਚਾਰ ਲੈਣਾ ਚਾਹੀਦਾ ਹੈ ਤਾਂ ਜੋ ਤੁਸੀਂ ਵੱਖ ਵੱਖ ਤਰ੍ਹਾਂ ਦੇ ਕਾਂਡੋਮਿਨੀਅਮਾਂ ਲਈ ਹੁੰਦੇ ਸਾਰੇ ਖ਼ਰਚਿਆਂ ਦਾ ਇੱਕ ਦੂਜੇ ਨਾਲ ਤੁਲਨਾ ਕਰ ਸਕੋ।
- ਹਰੇਕ ਕਾਂਡੋਮੀਨੀਅਮ ਦੇ ਆਪਣੇ ਆਪਣੇ ਨਿਯਮ, ਵਨਿਯਮ ਅਤੇ ਉਪ-ਕਨੂੰਨ ਹੁੰਦੇ ਹਨ। ਇਨ੍ਹਾਂ ਦਾ ਸੰਬੰਧ ਇਨ੍ਹਾਂ ਸਭ ਗੱਲਾਂ ਨਾਲ ਹੁੰਦਾ ਹੈ ਕਿ ਹਰੇਕ ਯੂਨਿਟ ਵਿੱਚ ਕਿੰਨੇ ਜੀਅ ਰਹਿ ਸਕਦੇ ਹਨ, ਪਾਲਤੂ (ਜਾਨਵਰ) ਰੱਖਣ ਦੀ ਇਜਾਜ਼ਤ ਹੈ, ਸ਼ੋਰ, ਪਾਰਕਿੰਗ, ਅਤੇ ਸਮਾਂ ਜਿਸ ਦੌਰਾਨ ਤੁਸੀਂ ਸਹੂਲਤਾਂ ਦੀ ਵਰਤੋਂ ਕਰ ਸਕਦੇ ਹੋ। ਇਹ ਨਿਯਮ ਇਸ ਮੰਤਵ ਨਾਲ ਬਣਾਏ ਜਾਂਦੇ ਹਨ ਤਾ ਜੋ ਕਾਂਡੋਮਿਨੀਅਮ ਨੂੰ ਉੱਚਤ ਤਰ੍ਹਾਂ ਨਾਲ ਚਲਾਇਆ ਜਾ ਸਕੇ ਅਤੇ ਇਸ ਦੀ ਦੇਖ-ਭਾਲ ਕੀਤੀ ਜਾ ਸਕੇ। ਇਹ ਹਰਕੇ ਮਾਲਕ ਦੇ ਹੱਕਾਂ ਨੂੰ ਸੁਰੱਖਿਅਤ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਰਿਹਾਇਸ਼ੀ ਮਾਹੌਲ ਸਾਂਤੀਪੂਰਨ ਅਤੇ ਇੱਕਸੁਰ ਹੋਵੇ। ਇਹ ਫ਼ੈਸਲਾ ਕਰਨ ਲਈ ਕਿ ਤੁਸੀਂ ਇਨ੍ਹਾਂ ਨਿਯਮਾਂ ਅਨੁਸਾਰ ਰਹਿ ਸਕਦੇ ਹੋ ਤਾਂ (ਖ਼ਰੀਦਨ ਲਈ) ਪੱਕਾ ਫ਼ੈਸਲਾ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਸਾਂ ਇਨ੍ਹਾਂ ਦੀ ਨਕਲ ਹਾਸਲ ਕੀਤੀ ਹੋਵੇ ਤੇ ਉਨ੍ਹਾਂ ਨੂੰ ਪੜ੍ਹ ਲਿਆ ਹੋਵੇ। ਇਹ ਜਾਣਕਾਰੀ ਵੇਚਣ ਵਾਲੇ ਤੋਂ, ਪਰਾਪਟੀ ਮੈਨੇਜਰ, ਬੋਰਡ ਆਫ਼ ਡਾਇਰੈਕਟਰਾਂ ਜਾਂ ਕਾਂਡੋਮਿਨੀਅਮਾਂ ਉੱਤੇ ਲਾਗੂ ਹੁੰਦੇ ਦਸਤਾਵੇਜ਼ਾਂ ਤੋਂ ਸਹਿਜੇ ਹੀ ਮਿਲ ਸਕਦੀ ਹੈ।
- ਵੱਖ ਵੱਖ ਕਾਂਡੋਮਿਨੀਅਮਾਂ ਅੰਦਰ ਯੂਨਿਟਾਂ ਦੀਆਂ ਵੱਖ ਵੱਖ ਹੱਦਾਂ ਹੁੰਦੀਆਂ ਹਨ। ਕਈ ਕਾਂਡੋਮਿਨੀਅਮਾਂ ਦੀ ਸੂਰਤ ਵਿੱਚ, ਤੁਹਾਡੀ ਯੂਨਿਟ ਦੀ ਹੱਦ ਵਿਕਾਰਲੀ ਕੰਧ ਦੀ ਡਰਾਈਵਾਲ ਦੀ ਹੱਦ ਤੀਕ ਹੁੰਦੀ ਹੈ। ਦੂਜੀਆਂ ਦੇ ਸੂਰਤ ਵਿੱਚ, ਇਹ ਹੱਦ ਕੰਧ ਦੀ ਮੱਧ ਰੇਖਾ ਤੀਕ ਹੁੰਦੀ ਹੈ। ਇਹ ਨਖੇੜਾ ਮਹੱਤਵਪੂਰਨ ਹੋ ਸਕਦਾ ਹੈ, ਇਸ ਲਈ ਜੇ ਤੁਸਾਂ ਤਬਦੀਲੀਆਂ ਕਰਨ ਜਾਂ ਮੁਰੰਮਤਾਂ ਕਰਨ ਦਾ ਵਿਚਾਰ ਬਣਾਇਆ ਹੋਵੇ ਤਾਂ ਇਹ ਪਤਾ ਕਰ ਲਓ ਕਿ ਤੁਹਾਡੀ ਮਾਲਕੀ ਦੀ ਹੱਦ ਕਿੱਥੇ ਖ਼ਤਮ ਹੁੰਦੀ ਹੈ।
- ਫ਼੍ਰੀਹੋਲਡ ਜਾਂ ਬੇਅਰ (bare) ਜਾਂ ਖ਼ਾਲੀ ਥਾਂ ਦੇ ਕਾਂਡੋਮਿਨੀਅਮ ਦੀ ਸਰੂਤ ਵਿੱਚ, ਇੱਕ ਯੂਨਿਟ ਵਿੱਚ ਸਾਰਾ ਘਰ, ਸਮੇਤ ਬਾਹਰਲੀਆਂ ਕੰਧਾਂ, ਛੱਤ, ਅਤੇ ਆਲੇ ਦੁਆਲੇ ਦੀ ਭੋਂ ਦੇ, ਸ਼ਾਮਲ ਹੁੰਦਾ ਹੈ। ਖ਼ਰੀਦਨ ਤੋਂ ਪਹਿਲਾਂ, ਇਹ ਯਕੀਨੀ ਬਣਾ ਲਓ ਕਿ ਤੁਹਾਡੀ ਯੂਨਿਟ ਦੀਆਂ ਹੱਦਾਂ ਕਿੱਥੇ ਸ਼ੁਰੂ ਹੋਣਗੀਆਂ ਅਤੇ ਕਿੱਥੇ ਖ਼ਤਮ ਹੋਣਗੀਆਂ।

Canada

CMHC SCHL
HOME TO CANADIANS

- ਤੁਹਾਡੇ ਕਾਂਡੋਮਿਨੀਅਮ ਵਿੱਚ ਸਾਂਝੀ ਪ੍ਰਾਪਰਟੀ ਦੀਆਂ ਸਹੂਲਤਾਂ (exclusive use common property elements) ਸ਼ਾਮਲ ਹੁੰਦੀਆਂ ਹਨ ਜਿੰਨ੍ਹਾਂ ਦੀ ਵਰਤੋਂ ਸਿਰਫ਼ ਮਾਲਕਾਂ ਵੱਲੋਂ ਕੀਤੀ ਜਾ ਸਕਦੀ ਹੈ। ਇਹ ਅਜਿਹੀਆਂ ਥਾਵਾਂ ਹੁੰਦੀਆਂ ਹਨ ਜੋ ਤੁਹਾਡੀ ਯੂਨਿਟ ਦੀਆ ਹੱਦਾਂ ਤੋਂ ਬਾਹਰ ਹੁੰਦੀਆਂ ਹਨ ਪਰ ਸਿਰਫ਼ ਯੂਨਿਟ ਦੇ ਮਾਲਕਾਂ ਵੱਲੋਂ ਵਰਤੋਂ ਲਈ ਹੁੰਦੀਆਂ ਹਨ। ਇਨ੍ਹਾਂ ਦੀਆਂ ਆਮ ਮਿਸਾਲਾਂ ਵਿੱਚ ਬਾਲਕੁਨੀਆਂ, ਪਾਰਕਿੰਗ ਦੀਆਂ ਥਾਵਾਂ, ਸਟੋਰ ਕਰਨ ਲਈ ਲਾਕਰ, ਡਰਾਈਵਵੇਜ਼, ਅਤੇ ਘਰ ਦੇ ਸਾਮ੍ਹਣੇ ਅਤੇ ਪਿੱਛੇ ਲਾਅਨ ਸ਼ਾਮਲ ਹੁੰਦੇ ਹਨ। ਅਜਿਹੀਆਂ ਥਾਵਾਂ ਦੀ ਵਰਤੋਂ ਭਾਵੇਂ ਸਿਰਫ਼ ਮਾਲਕਾਂ ਲਈ ਹੁੰਦੀ ਹੈ ਫਿਰ ਵੀ ਉਨ੍ਹਾਂ ਦੀ ਵਰਤੋਂ ਤੁਸੀਂ ਕਿਵੇਂ ਅਤੇ ਕਦੋਂ ਕਰ ਸਕਦੇ ਹੋ ਬਾਰੇ ਬੰਧਸ਼ਾਂ ਹੁੰਦੀਆਂ ਹਨ। ਮਿਸਾਲ ਵਜੋਂ, ਹੋ ਸਕਦਾ ਹੈ ਤੁਹਾਡੇ ਨਾਂ ਚੜ੍ਹੀ ਪਾਰਕਿੰਗ ਦੀ ਜਗ੍ਹਾ ਵਿਖੇ ਤੁਸੀਂ ਬੇੜੀ, ਆਰਵੀ (RV) ਜਾਂ ਕਮਰਸ਼ਿਅਲ ਗੱਡੀਆਂ ਪਾਰਕ ਨਾ ਕਰ ਸਕੋ ਜਾਂ ਆਪਣੀ ਬਾਲਕੁਨੀ ਵਿੱਚ ਰੱਖਣ ਲਈ ਵਸਤਾਂ ਉੱਤੇ ਬੰਦਸ਼ ਹੋ ਸਕਦੀਆਂ ਹਨ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਆਪਣੀ ਸਾਂਝੀ ਪਰਾਪਰਟੀ ਦੀਆਂ ਸਹੂਲਤਾਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰਨ ਬਾਰੇ ਕੋਈ ਝਗੜਾ ਹੈ ਤਾਂ (ਖ਼ਰੀਦ ਦੇ ਕਾਗ਼ਜ਼) ਉੱਪਰ ਦਸਤਖ਼ਤ ਕਰਨ ਤੋਂ ਪਹਿਲਾਂ ਇਸ ਗੱਲ ਦਾ ਨਬੇੜਾ ਕਰ ਲਓ।

---

ਘਰਾਂ ਬਾਰੇ ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਕੈਨੇਡਾ ਮੌਰਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ ਨਾਲ ਸੰਪਰਕ ਕਰੋ। ਵੈੱਬਸਾਈਟ : www.cmhc.ca/newcomers

ਨੋਟ: ਸੀ ਐਮ ਐਚ ਸੀ ਇਸ ਦਸਤਾਵੇਜ ਵਿਚਲੀ ਕਿਸੇ ਵੀ ਤਰੁੱਟੀ ਜਾਂ ਫੇਰ ਕਿਸੇ ਵੀ ਵਿਅਕਤੀ ਦੁਆਰਾ ਇਸ ਉੱਤੇ ਭਰੋਸਾ ਕਰਨ ਤੋਂ ਉੱਤਪੰਨ ਨਤੀਜਿਆਂ ਲਈ ਜ਼ੁੰਮੇਵਾਰ ਨਹੀਂ ਹੈ।